# ਸਾਂਝਾ ਬਿਆਨ: ਭਾਰਤ-ਬਹਿਰੀਨ ਦੀ ਚੌਥੀ ਹਾਈ ਜੁਆਇੰਟ ਕਮਿਸ਼ਨ ਦੀ ਬੈਠਕ

09 ਦਸੰਬਰ, 2024

ਮਨਾਮਾ, ਬਹਿਰੀਨ ਵਿੱਚ 9 ਦਸੰਬਰ 2024 ਨੂੰ ਹੋਈ ਭਾਰਤ - ਬਹਿਰੀਨ ਹਾਈ ਜੁਆਇੰਟ ਕਮਿਸ਼ਨ (HJC), ਦੀ ਚੌਥੀ ਬੈਠਕ ਦੀ ਸਹਿ-ਪ੍ਰਧਾਨਗੀ ਭਾਰਤ ਗਣਰਾਜ ਦੇ ਮਹਾਮਹਿਮ ਡਾ. ਐਸ. ਜੈਸ਼ੰਕਰ, ਵਿਦੇਸ਼ ਮੰਤਰੀ (EAM), ਅਤੇ ਬਹਿਰੀਨ ਰਾਜ ਦੇ ਵਿਦੇਸ਼ ਮਾਮਲਿਆਂ ਦੇ ਮੰਤਰੀ ਮਹਾਮਹਿਮ ਡਾ. ਅਬਦੁੱਲਾਤੀਫ ਬਿਨ ਰਾਸ਼ਿਦ ਅਲਜਾਯਨੀ, ਨੇ ਕੀਤੀ।

2. ਭਾਰਤ ਦੇ ਵਿਦੇਸ਼ ਮੰਤਰੀ ਮਹਾਮਹਿਮ ਡਾ. ਐਸ. ਜੈਸ਼ੰਕਰ ਨੇ ਵਿਦੇਸ਼ ਮੰਤਰੀ ਮਹਾਮਹਿਮ ਡਾ. ਅਲਜਾਯਨੀ ਦੇ ਸੱਦੇ 'ਤੇ 7 ਤੋਂ 9 ਦਸੰਬਰ 2024 ਤੱਕ ਬਹਿਰੀਨ ਦਾ ਦੌਰਾ ਕੀਤਾ, ਜੋ ਨਿੱਘੇ ਸਬੰਧਾਂ ਅਤੇ ਡੂੰਘੇ ਦੁਵੱਲੇ ਰਿਸ਼ਤਿਆਂ ਨੂੰ ਦਰਸਾਉਂਦਾ ਹੈ। ਇਸ ਦੌਰੇ ਦੇ ਦੌਰਾਨ ਭਾਰਤ ਦੇ ਵਿਦੇਸ਼ ਮੰਤਰੀ ਮਹਾਮਹਿਮ ਡਾ. ਐਸ. ਜੈਸ਼ੰਕਰ ਨੇ ਬਹਿਰੀਨ ਦੇ ਉਪ ਪ੍ਰਧਾਨ ਮੰਤਰੀ ਮਹਾਮਹਿਮ ਸ਼ੇਖ ਖਾਲਿਦ ਬਿਨ ਅਬਦੁੱਲਾ ਅਲ ਖਲੀਫਾ ਨਾਲ ਵੀ ਮੁਲਾਕਾਤ ਕੀਤੀ।

3. HJC ਦੀ ਸਥਾਪਨਾ, ਬਹਿਰੀਨ ਦੇ ਰਾਜਾ ਮਹਾਮਹਿਮ ਹਮਦ ਬਿਨ ਈਸਾ ਅਲ ਖਲੀਫਾ ਦੇ 18-20 ਫਰਵਰੀ, 2014 ਵਿੱਚ ਭਾਰਤ ਵਿੱਚ ਕੀਤੇ ਗਏ ਰਾਜ ਦੌਰੇ ਦੌਰਾਨ ਦੋਵਾਂ ਧਿਰਾਂ ਵਿਚਕਾਰ ਹਸਤਾਖਰ ਕੀਤੇ ਗਏ ਇੱਕ ਸਮਝੌਤਾ ਪੱਤਰ (MOU) ਦੇ ਅਨੁਸਾਰ ਹੋਈ।

4. ਮਹਾਮਹਿਮ ਡਾ. ਅਬਦੁੱਲਾਤੀਫ਼ ਬਿਨ ਰਾਸ਼ਿਦ ਅਲ ਜਾਯਨੀ ਨੇ ਭਾਰਤ ਦੇ ਵਿਦੇਸ਼ ਮੰਤਰੀ, ਮਹਾਮਹਿਮ ਡਾ. ਐਸ. ਜੈਸ਼ੰਕਰ ਅਤੇ ਉਹਨਾਂ ਦੇ ਨਾਲ ਆਏ ਵਫ਼ਦ ਦਾ ਬਹਿਰੀਨ ਵਿੱਚ ਸੁਆਗਤ ਕੀਤਾ। ਉਹਨਾਂ ਨੇ 7 ਅਪ੍ਰੈਲ 2021 ਨੂੰ ਨਵੀਂ ਦਿੱਲੀ ਵਿੱਚ ਆਯੋਜਿਤ ਤੀਜੀ HJC ਲਈ ਭਾਰਤ ਦੌਰੇ ਦੌਰਾਨ ਉਹਨਾਂ ਅਤੇ ਉਹਨਾਂ ਦੇ ਵਫਦ ਨੂੰ ਦਿੱਤੀ ਗਈ ਨਿੱਘੀ ਪਰਾਹੁਣਚਾਰੀ ਨੂੰ ਯਾਦ ਕੀਤਾ। ਮਹਾਮਹਿਮ ਡਾ. ਐਸ. ਜੈਸ਼ੰਕਰ ਨੇ ਵੀ ਬਹਿਰੀਨ ਪੱਖ ਵਲੋਂ ਉਨ੍ਹਾਂ ਅਤੇ ਉਨ੍ਹਾਂ ਨਾਲ ਆਏ ਵਫ਼ਦ ਦੇ ਕੀਤੇ ਗਏ ਨਿੱਘੇ ਸੁਆਗਤ ਅਤੇ ਨਿਮਰਤਾਭਰੀ ਪਰਾਹੁਣਚਾਰੀ ਲਈ ਧੰਨਵਾਦ ਕੀਤਾ। ਦੋਵਾਂ ਧਿਰਾਂ ਨੇ ਇਸ ਗੱਲ ਦੀ ਸ਼ਲਾਘਾ ਕੀਤੀ ਕਿ HJC ਦੀਆਂ ਨਿਯਮਿਤ ਬੈਠਕਾਂ ਦੋਵਾਂ ਦੇਸ਼ਾਂ ਵਿਚਕਾਰ ਦੇ ਮਜ਼ਬੂਤ ਸਬੰਧਾਂ ਨੂੰ ਦਰਸਾਉਂਦੀਆਂ ਹਨ।

5. ਦੋਹਾਂ ਧਿਰਾਂ ਨੇ ਇਸ ਮੌਕੇ ਦੀ ਮਹੱਤਤਾ ਨੂੰ ਸਵੀਕਾਰ ਕੀਤਾ, ਜੋ ਕਿ ਫਰਵਰੀ 2014 ਵਿੱਚ ਮਹਾਮਹਿਮ ਰਾਜਾ ਹਮਦ ਬਿਨ ਈਸਾ ਅਲ ਖਲੀਫਾ ਦੇ ਭਾਰਤ ਦੇ ਇਤਿਹਾਸਕ ਦੌਰੇ ਦੀ 10ਵੀਂ ਵਰ੍ਹੇਗੰਢ ਅਤੇ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੇ ਅਗਸਤ 2019 ਨੂੰ ਬਹਿਰੀਨ ਵਿੱਚ ਹੋਏ ਰਾਜ ਦੌਰੇ ਦੀ 5ਵੀਂ ਵਰ੍ਹੇਗੰਢ ਦਾ ਪ੍ਰਤੀਕ ਹੈ। ਲੰਬੇ ਸਮੇਂ ਤੋਂ ਚੱਲੇ ਆ ਰਹੇ ਦੁਵੱਲੇ ਸਬੰਧਾਂ ਨੂੰ ਨਵੀਂ ਗਤੀ ਦੇਣ ਵਿੱਚ ਇਨ੍ਹਾਂ ਦੌਰਿਆਂ ਦੀ ਭੂਮਿਕਾ ਨੂੰ ਸਵੀਕਾਰ ਕੀਤਾ ਗਿਆ। ਵਿਦੇਸ਼ ਮੰਤਰੀ ਨੇ ਭਾਰਤ ਦੇ ਮਾਨਯੋਗ ਪ੍ਰਧਾਨ ਮੰਤਰੀ ਵਲੋਂ ਮਹਾਮਹਿਮ ਪ੍ਰਿੰਸ ਸਲਮਾਨ ਬਿਨ ਹਮਦ ਅਲ ਖਲੀਫਾ, ਕ੍ਰਾਊਨ ਪ੍ਰਿੰਸ ਅਤੇ ਬਹਿਰੀਨ ਰਾਜ ਦੇ ਪ੍ਰਧਾਨ ਮੰਤਰੀ ਨੂੰ ਸ਼ੁਰੂਆਤੀ ਮਿਤੀ ਨੂੰ ਭਾਰਤ ਦਾ ਦੌਰਾ ਕਰਨ ਦੇ ਦਿੱਤੇ ਗਏ ਸੱਦੇ ਨੂੰ ਦੁਹਰਾਇਆ।

6. ਬਹਿਰੀਨ ਪੱਖ ਨੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਨਵੀਂ ਭਾਰਤ ਸਰਕਾਰ ਦੇ ਸਹੁੰ ਚੁੱਕਣ ਤੋਂ ਬਾਅਦ ਵਧੀ ਹੋਈ ਰਾਜਨੀਤਿਕ ਸ਼ਮੂਲੀਅਤ ਦੀ ਸ਼ਲਾਘਾ ਕੀਤੀ। ਵਿਦੇਸ਼ ਮੰਤਰੀ ਨੇ ਕ੍ਰਾਊਨ ਪ੍ਰਿੰਸ, ਸ਼ਾਹੀ ਮਹਾਮਹਿਮ ਪ੍ਰਿੰਸ ਸਲਮਾਨ ਬਿਨ ਹਮਦ ਅਲ ਖਲੀਫਾ ਅਤੇ ਪ੍ਰਧਾਨ ਮੰਤਰੀ ਵੱਲੋਂ ਨਵੀਂ ਸਰਕਾਰ ਨੂੰ ਦਿੱਤੇ ਗਏ ਵਧਾਈ ਸੰਦੇਸ਼ ਲਈ ਧੰਨਵਾਦ ਜਤਾਇਆ।

7. ਦੋਵਾਂ ਮੰਤਰੀਆਂ ਨੇ ਅਪ੍ਰੈਲ 2021 ਵਿੱਚ ਆਯੋਜਿਤ ਤੀਜੇ HJC ਅਤੇ ਅਤੇ ਇਸ ਤੋਂ ਬਾਅਦ ਕ੍ਰਮਵਾਰ ਮਾਰਚ 2022 ਅਤੇ ਮਈ 2023 ਵਿੱਚ ਆਯੋਜਿਤ ਪੰਜਵੇਂ ਅਤੇ ਛੇਵੇਂ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ ਦੌਰਾਨ ਹੋਏ ਵਿਚਾਰ-ਵਟਾਂਦਰੇ ਦੇ ਅਨੁਸਾਰ ਦੁਵੱਲੇ ਸਬੰਧਾਂ ਵਿੱਚ ਪ੍ਰਾਪਤ ਹੋਈ ਪ੍ਰਗਤੀ ਦੀ ਸ਼ਲਾਘਾ ਕੀਤੀ। ਦੋਵੇਂ ਧਿਰਾਂ ਨੇ ਉੱਚ-ਪੱਧਰੀ ਦੁਵੱਲੇ ਦੌਰਿਆਂ ਅਤੇ ਬੈਠਕਾਂ ਦੀ ਗਤੀ ਨੂੰ ਜਾਰੀ ਰੱਖਣ ਲਈ ਸਹਿਮਤੀ ਦਿੱਤੀ, ਅਤੇ ਦੋਵਾਂ ਮਿੱਤਰ ਦੇਸ਼ਾਂ ਦਰਮਿਆਨ ਨਿਯਮਿਤ ਉੱਚ-ਪੱਧਰੀ ਆਦਾਨ-ਪ੍ਰਦਾਨ 'ਤੇ ਤਸੱਲੀ ਜਤਾਈ।

8. ਦੋਵਾਂ ਮੰਤਰੀਆਂ ਨੇ ਊਰਜਾ ਅਤੇ ਹਾਇਡ੍ਰੋਕਾਰਬਨ, ਨਵਿਆਉਣਯੋਗ ਊਰਜਾ, ਬੁਨਿਆਦੀ ਢਾਂਚਾ, ਵਪਾਰ ਅਤੇ ਨਿਵੇਸ਼, ਰੱਖਿਆ ਅਤੇ ਸੁਰੱਖਿਆ, ਸਿਹਤ, ਭੋਜਨ ਅਤੇ ਖੇਤੀਬਾੜੀ, ਪਰਾਹੁਣਚਾਰੀ, ਫਾਰਮਾਸਿਊਟੀਕਲ ਉਦਯੋਗ, ਇਲੈਕਟ੍ਰਾਨਿਕ ਉਦਯੋਗ, ਡਾਊਨਸਟ੍ਰੀਮ ਐਲੂਮੀਨੀਅਮ, IT ਅਤੇ ਡਾਟਾ ਸੈਂਟਰ, ਪੁਲਾੜ, ਸੈਰ-ਸਪਾਟਾ, ਵਾਤਾਵਰਣ, ਨੌਜਵਾਨਾਂ ਅਤੇ ਖੇਡਾਂ ਸਮੇਤ ਵੱਖੋ-ਵੱਖਰੇ ਖੇਤਰਾਂ ਵਿੱਚ ਸਹਿਯੋਗ ਦੇ ਨਵੇਂ ਮੌਕਿਆਂ ਦਾ ਪਤਾ ਲਗਾਉਣ ਲਈ ਆਪਣੀ ਵਚਨਬੱਧਤਾ ਦੀ ਪੁਸ਼ਟੀ ਕੀਤੀ।

9. ਦੋਵਾਂ ਧਿਰਾਂ ਨੇ ਸਵੀਕਾਰ ਕੀਤਾ ਕਿ ਇਤਿਹਾਸਕ ਰਾਜ ਦੌਰਿਆਂ ਤੋਂ ਬਾਅਦ ਰਾਜਨੀਤਿਕ ਅਤੇ ਲੋਕਾਂ ਵਿਚਕਾਰ ਦੇ ਆਪਸੀ ਸਬੰਧਾਂ ਦੇ ਡੂੰਘੇ ਹੋਏ ਹਨ। ਭਾਰਤੀ ਪੱਖ ਨੇ 2019 ਵਿੱਚ ਮਾਨਯੋਗ ਪ੍ਰਧਾਨ ਮੰਤਰੀ ਦੇ ਰਾਜ ਦੌਰੇ ਤੋਂ ਬਾਅਦ ਬਹਿਰੀਨ ਵਿੱਚ ਭਾਰਤੀ ਨਿਵੇਸ਼ ਵਿੱਚ ਹੋਏ ਵਾਧੇ ਉੱਤੇ ਵੀ ਰੋਸ਼ਨੀ ਪਾਈ। ਦੋਵਾਂ ਧਿਰਾਂ ਨੇ ਵਪਾਰਕ ਵਫ਼ਦਾਂ ਦੇ ਦੌਰੇ ਦਾ ਸਵਾਗਤ ਕੀਤਾ, ਜਿਸ ਵਿੱਚ ਬਹਿਰੀਨ ਦੇ ਉਦਯੋਗ ਅਤੇ ਵਣਜ ਮੰਤਰੀ, ਮਹਾਮਹਿਮ ਅਬਦੁੱਲਾ ਬਿਨ ਅਦੇਲ ਫਖਰੋ ਦੀ ਅਗਵਾਈ ਹੇਠ ਮਾਰਚ 2023 ਅਤੇ ਦਸੰਬਰ 2024 ਵਿੱਚ ਕੀਤਾ ਗਿਆ ਭਾਰਤ ਦਾ ਦੌਰਾ ਅਤੇ ਸਤੰਬਰ 2024 ਵਿੱਚ ਟਿਕਾਊ ਵਿਕਾਸ ਦੇ ਮੰਤਰੀ ਅਤੇ ਬਹਿਰੀਨ EDB ਦੇ ਮੁੱਖ ਕਾਰਜਕਾਰੀ ਮਹਾਮਹਿਮ ਨੂਰ ਬਿੰਤ ਅਲੀ ਅਲਖੁਲੈਫ਼ ਦੀ ਅਗਵਾਈ ਵਿੱਚ ਕੀਤਾ ਗਿਆ ਦੌਰਾ ਸ਼ਾਮਲ ਹੈ। ਬਹਿਰੀਨੀ ਧਿਰ ਨੇ ਭਾਰਤੀ ਨਿਵੇਸ਼ਾਂ ਅਤੇ ਗਲੋਬਲ ਭਾਰਤੀ ਬ੍ਰਾਂਡਾਂ ਦੀ ਬਹਿਰੀਨ ਵਿੱਚ ਖਾਸ ਤੌਰ 'ਤੇ 2024 ਦੀ ਸ਼ੁਰੂਆਤ ਤੋਂ ਹੋਈ ਆਮਦ ਦਾ ਸਵਾਗਤ ਕੀਤਾ।

10. ਦੋਵਾਂ ਧਿਰਾਂ ਨੇ ਦੁਵੱਲੇ ਵਪਾਰ ਦੀ ਸਥਿਰਤਾ, ਟਿਕਾਊਪੁਣੇ ਅਤੇ ਵਿਭਿੰਨਤਾ ਉੱਤੇ ਵੀ ਤਸੱਲੀ ਜਤਾਈ। ਉਹ ਇਹਨਾਂ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਮਜ਼ਬੂਤ ਕਰਨ ਲਈ ਕੰਮ ਕਰਨ ਲਈ ਸਹਿਮਤ ਹੋਏ ਅਤੇ ਇਸ ਸਬੰਧ ਵਿੱਚ ਵਪਾਰ ਅਤੇ ਨਿਵੇਸ਼ 'ਤੇ ਇੱਕ ਦੁਵੱਲਾ ਸੰਯੁਕਤ ਕਾਰਜ ਸਮੂਹ (ਜੁਆਇੰਟ ਵਰਕਿੰਗ ਗਰੁਪ) ਬਣਾਉਣ ਲਈ ਸਹਿਮਤ ਹੋਏ।

11. ਬਹਿਰੀਨ ਦੀ ਰਾਸ਼ਟਰੀ ਮਾਨਕੀਕਰਨ ਸੰਸਥਾ ਅਤੇ ਰਾਸ਼ਟਰੀ ਪਰੀਖਣ ਕੇਂਦਰ ਦਾ ਉਦੇਸ਼ ਜਾਣਕਾਰੀ, ਅਧਿਕਾਰਤ ਨੋਟਸ ਦਾ ਆਦਾਨ-ਪ੍ਰਦਾਨ ਕਰਕੇ ਅਤੇ ਮਾਨਕਾਂ ਦੇ ਵਿਕਾਸ, ਅਨੁਰੂਪਤਾ ਦਾ ਮੁਲਾਂਕਣ, ਮਾਪ-ਪੱਧਤੀ,

ਮਾਨਤਾ, ਧਾਤੂ ਪਰਖ, ਮੋਤੀਆਂ ਅਤੇ ਰਤਨਾਂ ਦੀ ਜਾਂਚ ਗਤੀਵਿਧੀਆਂ ਵਿੱਚ ਮੌਕਿਆਂ ਅਤੇ ਰੁਕਾਵਟਾਂ ਦੀ ਪਛਾਣ ਕਰਕੇ ਭਾਰਤੀ ਮਾਨਕੀਕਰਨ ਸੰਸਥਾ ਅਤੇ ਭਾਰਤ ਦੀ ਸੰਬੰਧਿਤ ਅਧਿਕਾਰਤ ਸੰਸਥਾਵਾਂ ਨਾਲ ਸਹਿਯੋਗ ਕਰਨਾ ਹੈ।

12. ਬਹਿਰੀਨ ਨੇ ਦੋਹਰੇ ਟੈਕਸਾਂ (DTA) ਦੇ ਖਾਤਮੇ ਲਈ ਭਾਰਤ ਨਾਲ ਦੁਵੱਲੇ ਸਮਝੌਤੇ ਨੂੰ ਪੂਰਾ ਕਰਨ ਦੀ ਆਪਣੀ ਇੱਛਾ ਦੁਹਰਾਈ, ਜਿਸ ਦਾ ਉਦੇਸ਼ ਟੈਕਸ ਮਾਮਲਿਆਂ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨਾ ਅਤੇ ਦੋਵੇਂ ਮਿੱਤਰ ਦੇਸ਼ਾਂ ਦਰਮਿਆਨ ਆਰਥਿਕ, ਵਪਾਰਕ ਅਤੇ ਨਿਵੇਸ਼ ਦੇ ਮੌਕੇ ਵਧਾਉਣਾ ਹੈ।

13. ਦੋਵਾਂ ਧਿਰਾਂ ਨੇ 3-4 ਸਤੰਬਰ 2024 ਨੂੰ ਦੁਵੱਲੀ ਨਿਵੇਸ਼ ਸੰਧੀ ਲਈ ਗੱਲਬਾਤ ਸ਼ੁਰੂ ਕਰਨ ਦਾ ਸੁਆਗਤ ਕੀਤਾ ਅਤੇ ਛੇਤੀ ਸਿੱਟੇ 'ਤੇ ਪਹੁੰਚਣ ਲਈ ਕੰਮ ਕਰਨ ਬਾਰੇ ਸਹਿਮਤੀ ਪ੍ਰਗਟਾਈ।

14. ਦੋਵੇਂ ਮੰਤਰੀ ਬਹਿਰੀਨ ਵਿੱਚ ਭਾਰਤੀ ਰੁਪੇ ਕਾਰਡਾਂ ਦੀ ਸਵੀਕ੍ਰਿਤੀ ਨੂੰ ਜਲਦੀ ਸ਼ੁਰੂ ਕਰਨ ਲਈ ਗੱਲਬਾਤ ਵਿੱਚ ਤੇਜ਼ੀ ਲਿਆਉਣ ਲਈ ਸਹਿਮਤ ਹੋਏ। ਉਹ ਫਿਨਟੈਕ ਅਤੇ ਡਿਜਿਟਲ ਭੁਗਤਾਨਾਂ ਦੇ ਖੇਤਰਾਂ ਵਿੱਚ ਨਜ਼ਦੀਕੀ ਸਹਿਯੋਗ ਵਾਸਤੇ ਕੰਮ ਕਰਨ ਲਈ ਵੀ ਸਹਿਮਤ ਹੋਏ।

15. ਦੋਵੇਂ ਧਿਰਾਂ ਨੇ ਸਿਹਤ ਅਤੇ ਫਾਰਮਾਸਿਊਟੀਕਲ ਦੇ ਖੇਤਰ ਵਿੱਚ ਦੁਵੱਲੇ ਸਹਿਯੋਗ ਦੀ ਮਹੱਤਤਾ 'ਤੇ ਜ਼ੋਰ ਦਿੱਤਾ ਅਤੇ 22 ਫਰਵਰੀ 2022 ਨੂੰ ਸਿਹਤ-ਸੰਭਾਲ ਸਹਿਯੋਗ 'ਤੇ ਹੋਈ ਸੰਯੁਕਤ ਕਾਰਜ ਸਮੂਹ (JWG) ਦੀ ਸਫਲ ਪਹਿਲੀ ਬੈਠਕ ਉੱਤੇ ਤਸੱਲੀ ਦਿਖਾਈ। ਦੇਸ਼ ਦੀਆਂ ਰਾਸ਼ਟਰੀ ਨੀਤੀਆਂ, ਨਿਯਮਾਂ ਅਤੇ ਕਾਨੂੰਨੀ ਢਾਂਚੇ ਦੇ ਅਨੁਸਾਰ ਲਏ ਗਏ ਫੈਸਲਿਆਂ ਨੂੰ ਲਾਗੂ ਕਰਨ ਲਈ ਕੰਮ ਕਰਨ ਲਈ ਸਹਿਮਤੀ ਬਣੀ ਸੀ ਅਤੇ ਤਸੱਲੀ ਨਾਲ ਇਹ ਗੱਲ ਨੋਟ ਕੀਤੀ ਗਈ ਕਿ ਦੋਵਾਂ ਦੇਸ਼ਾਂ ਦੇ ਸਿਹਤ ਮੰਤਰਾਲੇ ਜਲਦੀ ਤੋਂ ਜਲਦੀ ਸਿਹਤ ਸੰਭਾਲ ਸਹਿਯੋਗ 'ਤੇ JWG ਦੀ ਦੂਜੀ ਬੈਠਕ ਬੁਲਾਉਣ ਵਾਸਤੇ ਕੰਮ ਕਰ ਰਹੇ ਹਨ।

16. ਭਾਰਤੀ ਧਿਰ ਨੇ ਦੁਨੀਆ ਦੇ ਪ੍ਰਮੁੱਖ ਲੀਡਰਾਂ ਵਿੱਚੋਂ ਇੱਕ ਭਾਰਤੀ ਫਾਰਮਾਸਿਊਟੀਕਲ ਉਦਯੋਗ ਦੀ ਭੂਮਿਕਾ ਨੂੰ ਉਜਾਗਰ ਕੀਤਾ ਅਤੇ ਬਹਿਰੀਨ ਰਾਜ ਦੀਆਂ ਸਥਾਪਿਤ ਰੈਗੂਲੇਟਰੀ ਲੋੜਾਂ ਦੀ ਪਾਲਣਾ ਕਰਦੇ ਹੋਏ ਬਹਿਰੀਨ ਦੇ ਬਾਜ਼ਾਰ ਵਿੱਚ ਭਾਰਤੀ ਫਾਰਮਾਸਿਊਟੀਕਲ ਉਤਪਾਦਾਂ ਦੀ ਬਾਜ਼ਾਰ ਪਹੁੰਚ ਦੇ ਮਹੱਤਵ ਤੋਂ ਵੀ ਜਾਣੂ ਕਰਵਾਇਆ। ਦੋਵੇਂ ਧਿਰ ਫਾਰਮਾਸਿਊਟੀਕਲ, ਵੈਕਸੀਨ ਅਤੇ ਮੈਡੀਕਲ ਉਪਕਰਨਾਂ ਵਿੱਚ ਵਪਾਰ ਵਧਾਉਣ ਵਾਸਤੇ ਦੋਵਾਂ ਦੇਸ਼ਾਂ ਦੇ ਨਿੱਜੀ ਸੈਕਟਰਾਂ ਨੂੰ ਸਹੂਲਤ ਦੇਣ ਲਈ ਵੀ ਸਹਿਮਤ ਹੋਏ।

17. ਦੋਵਾਂ ਮੰਤਰੀਆਂ ਨੇ ਦੋਵਾਂ ਦੇਸ਼ਾਂ ਦੀ ਸਥਿਤੀ ਨੂੰ ਮੈਡੀਕਲ ਟੂਰਿਜ਼ਮ ਦੇ ਕੇਂਦਰਾਂ ਦੇ ਰੂਪ ਵਿੱਚ ਅੱਗੇ ਵਧਾਉਣ ਸਬੰਧੀ ਸਹਿਯੋਗ ਦੀ ਮਹੱਤਵਪੂਰਨ ਸੰਭਾਵਨਾ ਨੂੰ ਸਵੀਕਾਰ ਕੀਤਾ।

18. ਦੋਵਾਂ ਧਿਰਾਂ ਨੇ ਖੇਤੀਬਾੜੀ ਅਤੇ ਪਸ਼ੂ ਪਾਲਣ ਸੈਕਟਰ ਦੇ ਵਿਕਾਸ ਵਿੱਚ ਸਹਿਯੋਗ ਵਧਾਉਣ 'ਤੇ ਜ਼ੋਰ ਦਿੱਤਾ। ਭਾਰਤੀ ਧਿਰ ਨੇ ਭਾਰਤ ਵਿੱਚ ਫੂਡ ਪਾਰਕਾਂ ਵਿੱਚ ਨਿਵੇਸ਼ ਅਤੇ ਭਾਰਤ ਤੋਂ ਬਹਿਰੀਨ ਨੂੰ ਭੋਜਨ ਨਿਰਯਾਤ ਨੂੰ ਵਧਾਉਣ ਦੇ ਮਹੱਤਵਪੂਰਨ ਮੌਕਿਆਂ ਨੂੰ ਉਜਾਗਰ ਕੀਤਾ। ਬਹਿਰੀਨ ਧਿਰ ਨੇ ਭੋਜਨ ਸੁਰੱਖਿਆ ਨੂੰ ਪ੍ਰਾਪਤ ਕਰਨ ਦੇ ਉਦੇਸ਼

ਨਾਲ ਦੁਵੱਲੇ ਪ੍ਰੋਜੈਕਟਾਂ ਨੂੰ ਪੋਸ਼ਿਤ ਕਰਨ ਲਈ ਦੋਵਾਂ ਦੇਸ਼ਾਂ ਦਰਮਿਆਨ ਅਨੁਭਵਾਂ ਦੇ ਆਦਾਨ-ਪ੍ਰਦਾਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ।

19. ਊਰਜਾ ਬਹਿਰੀਨ ਅਤੇ ਭਾਰਤ ਵਿਚਕਾਰ ਸਾਂਝੇਦਾਰੀ ਦਾ ਇਤਿਹਾਸਕ ਤੌਰ 'ਤੇ ਮਹੱਤਵਪੂਰਨ ਖੇਤਰ ਰਿਹਾ ਹੈ। ਦੋਵਾਂ ਧਿਰਾਂ ਨੇ ਆਪਸੀ ਊਰਜਾ ਸੁਰੱਖਿਆ ਅਤੇ ਆਰਥਿਕ ਵਿਕਾਸ ਵਿੱਚ ਯੋਗਦਾਨ ਪਾਉਣ ਵਾਲੇ ਇਸ ਸਹਿਯੋਗ ਦੇ ਇੱਕ ਮਹੱਤਵਪੂਰਨ ਅੰਗ ਵਜੋਂ ਹਾਈਡ੍ਰੋਕਾਰਬਨ ਵਪਾਰ ਦੇ ਮਹੱਤਵ ਨੂੰ ਸਵੀਕਾਰ ਕੀਤਾ। ਦੋਵੇਂ ਧਿਰ ਊਰਜਾ ਸਹਿਯੋਗ ਨੂੰ ਵਧਾਉਣ ਲਈ, ਖਾਸ ਤੌਰ 'ਤੇ ਬਹਿਰੀਨ ਵਿੱਚ ਤੇਲ ਅਤੇ ਗੈਸ ਦੇ ਅੱਪਸਟਰੀਮ ਅਤੇ ਡਾਊਨਸਟ੍ਰੀਮ ਸੈਕਟਰਾਂ ਵਿੱਚ, ਅਤੇ ਵਿਸਤਾਰਿਤ ਵਪਾਰ, ਸਾਂਝੇ ਉੱਦਮਾਂ ਅਤੇ ਆਪਸੀ ਨਿਵੇਸ਼ ਦੇ ਮੌਕਿਆਂ ਨੂੰ ਲੱਭਣ ਲਈ ਕਦਮ ਚੁੱਕਣ ਲਈ ਵਚਨਬੱਧ ਹੋਏ।

20. ਦੋਵਾਂ ਧਿਰਾਂ ਨੇ ਨੋਟ ਕੀਤਾ ਕਿ 2018 ਵਿੱਚ ਸਮਝੌਤਾ ਪੱਤਰ (MoU) ਉੱਤੇ ਹਸਤਾਖਰ ਕੀਤੇ ਜਾਣ ਤੋਂ ਬਾਅਦ ਨਵਿਆਉਣਯੋਗ ਊਰਜਾ ਖੇਤਰ ਵਿੱਚ ਤਸੱਲੀਬਖਸ਼ ਦੁਵੱਲਾ ਵਿਕਾਸ ਹੋਇਆ ਹੈ ਅਤੇ ਦੋਵੇਂ ਜਲਦੀ ਹੀ ਸੰਯੁਕਤ ਕਾਰਜ ਸਮੂਹ ਦੀ ਦੂਜੀ ਬੈਠਕ ਆਯੋਜਿਤ ਕਰਨ ਲਈ ਵੀ ਸਹਿਮਤ ਹੋਏ। ਉਹ ਸਰਕਾਰੀ ਏਜੰਸੀਆਂ ਅਤੇ ਨਿੱਜੀ ਸੈਕਟਰ ਨੂੰ ਖਾਸ ਕਰਕੇ ਸੋਲਰ, ਹਵਾ, ਗ੍ਰੀਨ ਹਾਈਡ੍ਰੋਜਨ ਅਤੇ ਗ੍ਰੀਨ ਅਮੋਨੀਆ ਦੇ ਖੇਤਰਾਂ ਵਰਗੇ ਦੁਵੱਲੇ ਰੁਝੇਵਿਆਂ ਵਿੱਚ ਸ਼ਾਮਲ ਕਰਕੇ ਸਹਿਯੋਗ ਨੂੰ ਡੂੰਘਾ ਕਰਨ ਲਈ ਸਹਿਮਤ ਹੋਏ। ਵਿਦੇਸ਼ ਮੰਤਰੀਆਂ ਨੇ ਯਾਦ ਕੀਤਾ ਕਿ ਬਹਿਰੀਨ 2022 ਵਿੱਚ ਅੰਤਰਰਾਸ਼ਟਰੀ ਸੂਰਜੀ ਗਠਜੋੜ (ISA) ਦਾ ਸਦੱਸ ਬਣ ਗਿਆ ਸੀ।

21. ਦੋਵਾਂ ਮੰਤਰੀਆਂ ਨੇ ਨੈਨੋ/ਕਿਊਬ-ਸੈਟੇਲਾਈਟਾਂ ਦੇ ਨਿਰਮਾਣ ਅਤੇ ਲਾਂਚਿੰਗ ਵਿੱਚ ਸਹਿਯੋਗ ਨੂੰ ਹੋਰ ਡੂੰਘਾ ਕਰਨ ਅਤੇ ਬਹਿਰੀਨ ਨੂੰ ਸਮਰੱਥਾ ਨਿਰਮਾਣ ਵਿੱਚ ਸਹਾਇਤਾ ਪ੍ਰਦਾਨ ਕਰਨ ਵਿੱਚ ISRO (ਭਾਰਤੀ ਪੁਲਾੜ ਖੋਜ ਸੰਗਠਨ) ਅਤੇ ਬਹਿਰੀਨ ਦੀ NSSA (ਰਾਸ਼ਟਰੀ ਪੁਲਾੜ ਵਿਗਿਆਨ ਏਜੰਸੀ) ਵੱਲੋਂ ਕੀਤੀ ਪ੍ਰਗਤੀ 'ਤੇ ਤਸੱਲੀ ਜਤਾਈ। ਦੋਵੇਂ ਧਿਰ ਇਸ ਸਮੇਂ ਪੁਲਾੜ ਸੈਕਟਰ ਵਿੱਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ NSSA ਅਤੇ NSIL (ਨਿਊ ਸਪੇਸ ਇੰਡੀਆ ਲਿਮਟਿਡ) ਦਰਮਿਆਨ ਸਮਝੌਤਾ ਪੱਤਰ (MoU) ਦੇ ਖਰੜੇ ਨੂੰ ਅੰਤਿਮ ਰੂਪ ਦੇਣ ਲਈ ਕੰਮ ਕਰ ਰਹੇ ਹਨ।

22. ਦੋਵੇਂ ਧਿਰਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਰੱਖਿਆ ਸਹਿਯੋਗ ਨੂੰ ਵਿਕਸਿਤ ਅਤੇ ਮਜ਼ਬੂਤ ਕਰਨ ਵਾਸਤੇ ਕੰਮ ਕਰਨ ਲਈ ਸਹਿਮਤੀ ਜਤਾਈ, ਜਿਸ ਵਿੱਚ ਦੋਵਾਂ ਦੇਸ਼ਾਂ ਦੀਆਂ ਹਥਿਆਰਬੰਦ ਸੈਨਾਵਾਂ ਵਿਚਕਾਰ ਸਮਝੌਤਾ ਪੱਤਰ (MoU) ਉੱਤੇ ਹਸਤਾਖਰ ਕਰਨਾ, ਸ਼ਾਮਲ ਹੋ ਸਕਦਾ ਹੈ। ਇਸ ਤੋਂ ਇਲਾਵਾ, ਬਹਿਰੀਨ ਰਾਜ ਨੇ 2023 ਵਿੱਚ, ਸੰਯੁਕਤ ਸਮੁੰਦਰੀ ਸੈਨਾਵਾਂ ਵਿੱਚ ਸ਼ਾਮਲ ਹੋਣ ਵਾਸਤੇ ਭਾਰਤ ਦਾ ਸਵਾਗਤ ਕੀਤਾ, ਜਿਸਦਾ ਮੁੱਖ ਦਫ਼ਤਰ ਬਹਿਰੀਨ ਰਾਜ ਵਿੱਚ ਸੀ । ਬਹਿਰੀਨ ਨੇ ਨਵੰਬਰ 2024 ਵਿੱਚ 7ਵੇਂ ਬਹਿਰੀਨ ਇੰਟਰਨੈਸ਼ਨਲ ਏਅਰ ਸ਼ੋਅ (BIAS) ਵਿੱਚ 05 ਧਰੁਵ ਹੈਲੀਕਾਪਟਰਾਂ ਵਾਲੀ ਭਾਰਤੀ ਹਵਾਈ ਸੈਨਾ ਦੀ ਸਾਰੰਗ ਐਰੋਬੈਟਿਕ ਟੀਮ ਦੀ ਭਾਗੀਦਾਰੀ ਦੀ ਸ਼ਲਾਘਾ ਕੀਤੀ।

23. ਭਾਰਤੀ ਧਿਰ ਨੇ ਅੰਤਰਰਾਸ਼ਟਰੀ ਅੱਤਵਾਦ ਦਾ ਮੁਕਾਬਲਾ ਕਰਨ ਦੇ ਖੇਤਰ ਵਿੱਚ ਦੁਵੱਲੀ ਸੁਰੱਖਿਆ ਵਾਰਤਾ ਅਤੇ ਜੁਆਇੰਟ ਸਟੀਅਰਿੰਗ ਕਮੇਟੀ (JSC) ਨੂੰ, ਸਾਈਬਰ ਸੁਰੱਖਿਆ ਸਮੇਤ ਸੁਰੱਖਿਆ ਸਹਿਯੋਗ ਦੇ ਖੇਤਰ ਵਿੱਚ ਸਹਿਯੋਗ ਨੂੰ ਸੰਸਥਾਗਤ ਬਣਾਉਣ ਲਈ, ਮਹੱਤਵਪੂਰਨ ਵਿਧੀਆਂ ਵਜੋਂ ਸਵੀਕਾਰ ਕੀਤਾ। ਦੋਵੇਂ ਧਿਰ ਤੀਜੀ ਸੁਰੱਖਿਆ ਵਾਰਤਾ ਅਤੇ ਤੀਜੇ JSC ਨੂੰ ਜਲਦੀ ਤੋਂ ਜਲਦੀ ਕਰਵਾਉਣ ਲਈ ਸਹਿਮਤ ਹੋਏ।

24. ਦੋਵਾਂ ਮੰਤਰੀਆਂ ਨੇ ਅੱਤਵਾਦ ਦੀ ਸਾਰੇ ਸਰੂਪਾਂ ਅਤੇ ਪ੍ਰਗਟਾਵੇ ਵਿੱਚ ਆਪਣੀ ਨਿੰਦਾ ਨੂੰ ਦੁਹਰਾਇਆ ਅਤੇ ਸਾਰੇ ਦੇਸ਼ਾਂ ਨੂੰ ਦੂਜੇ ਦੇਸ਼ਾਂ ਵਿਰੁੱਧ ਅੱਤਵਾਦ ਦੀ ਵਰਤੋਂ ਨੂੰ ਠੁਕਰਾਉਣ ਅਤੇ ਛੱਡਣ ਲਈ ਕਿਹਾ।

25. ਦੋਵਾਂ ਧਿਰਾਂ ਨੇ ਦੋਵਾਂ ਦੇਸ਼ਾਂ ਵਿਚਕਾਰ ਇੱਕ ਮਹੱਤਵਪੂਰਨ ਕੜੀ ਦੇ ਤੌਰ ‘ਤੇ ਬਹਿਰੀਨ ਵਿੱਚ ਭਾਰਤੀ ਸਮੁਦਾਇ ਦੀ ਭੂਮਿਕਾ ਅਤੇ ਬਹਿਰੀਨ ਰਾਜ ਦੇ ਵਿਕਾਸ ਵਿੱਚ ਉਨ੍ਹਾਂ ਦੇ ਮਹੱਤਵਪੂਰਨ ਯੋਗਦਾਨ ਦੀ ਸ਼ਲਾਘਾ ਕੀਤੀ। ਭਾਰਤੀ ਪੱਖ ਨੇ ਰਾਜ ਦੀਆਂ ਸਹਿਣਸ਼ੀਲਤਾ ਅਤੇ ਸ਼ਾਂਤੀਪੂਰਨ ਸਹਿ-ਹੋਂਦ ਦੀਆਂ ਉਦਾਰ ਨੀਤੀਆਂ ਦੇ ਨਾਲ-ਨਾਲ ਬਹਿਰੀਨ ਨੂੰ ਭਾਰਤੀ ਪੇਸ਼ੇਵਰਾਂ ਅਤੇ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਾਂ ਲਈ ਇੱਕ ਪਸੰਦੀਦਾ ਟਿਕਾਣਾ ਬਣਾਉਣ ਲਈ ਬਹਿਰੀਨ ਦੇ ਅਪਣਾਉਣ ਵਾਲੇ ਸਮਾਜ ਦੀ ਤਾਰੀਫ਼ ਕੀਤੀ। ਦੋਵਾਂ ਧਿਰਾਂ ਨੇ ਕੋਵਿਡ-19 ਮਹਾਂਮਾਰੀ ਦੌਰਾਨ ਨਜ਼ਦੀਕੀ ਸਹਿਯੋਗ ਨੂੰ ਸਵੀਕਾਰ ਕੀਤਾ, ਜਿਸ ਨਾਲ ਇਸ ਦੇ ਪ੍ਰਭਾਵ ਨੂੰ ਘਟਾਉਣ ਵਿੱਚ ਮਦਦ ਮਿਲੀ ਹੈ। ਭਾਰਤੀ ਪੱਖ ਨੇ ਪਿਛਲੇ ਸਾਲ ਭਾਰਤੀ ਨਾਗਰਿਕਤਾ ਵਾਲੇ 125 ਤੋਂ ਵੱਧ ਕੈਦੀਆਂ ਨੂੰ ਸ਼ਾਹੀ ਮਾਫ਼ੀ ਦੇਣ ਲਈ ਬਹਿਰੀਨ ਰਾਜ ਦੀ ਲੀਡਰਸ਼ਿਪ ਅਤੇ ਸਰਕਾਰ ਦਾ ਧੰਨਵਾਦ ਕੀਤਾ, ਜੋ ਕਿ ਬਹਿਰੀਨ ਦੀ ਉਦਾਰਤਾ ਨੂੰ ਦਰਸਾਉਂਦਾ ਹੈ।

26. ਦੋਵੇਂ ਵਿਦੇਸ਼ ਮੰਤਰੀਆਂ ਨੇ ਦੁਵੱਲੇ ਸੈਰ-ਸਪਾਟੇ ਵਿੱਚ ਹੋਏ ਕਈ ਗੁਣਾ ਵਾਧੇ ਅਤੇ ਦੋਵਾਂ ਦੇਸ਼ਾਂ ਦਰਮਿਆਨ ਲੋਕਾਂ ਵਿਚਕਾਰ ਦੇ ਆਪਸੀ ਸਬੰਧਾਂ ਅਤੇ ਵਪਾਰਕ ਅਤੇ ਆਰਥਿਕ ਸਬੰਧਾਂ ਨੂੰ ਮਜ਼ਬੂਤ ਕਰਨ ਵਿੱਚ ਹੋਏ ਇਸ ਦੇ ਪ੍ਰਭਾਵ 'ਤੇ ਤਸੱਲੀ ਜਤਾਈ।

27. ਦੋਵੇਂ ਧਿਰ ਕੌਂਸਲਰ ਮੁੱਦਿਆਂ 'ਤੇ ਸਹਿਯੋਗ ਨੂੰ ਡੂੰਘਾ ਕਰਨ ਲਈ ਵੀ ਸਹਿਮਤ ਹੋਏ ਅਤੇ ਕੌਂਸਲਰ ਮਾਮਲਿਆਂ ਵਿੱਚ ਆਪਸੀ ਹਿੱਤਾਂ ਦੇ ਮੁੱਦਿਆਂ 'ਤੇ ਚਰਚਾ ਕਰਨ ਅਤੇ ਕੌਂਸਲਰ ਮੁੱਦਿਆਂ ਵਿੱਚ ਸਹਿਯੋਗ ਨੂੰ ਹੋਰ ਮਜ਼ਬੂਤ ਕਰਨ ਲਈ ਇੱਕ ਜੁਆਇੰਟ ਕੌਂਸਲਰ ਕਮੇਟੀ ਦੀ ਸਥਾਪਨਾ ਕਰਨ ਦੇ ਫੈਸਲੇ ਦਾ ਸਵਾਗਤ ਕੀਤਾ।

28. ਦੋਵਾਂ ਧਿਰਾਂ ਨੇ 2019-23 ਲਈ ਦਸਤਖਤ ਕੀਤੇ ਸੱਭਿਆਚਾਰਕ ਵਟਾਂਦਰਾ ਪ੍ਰੋਗਰਾਮ (CEP) ਨੂੰ ਯਾਦ ਕੀਤਾ ਅਤੇ ਇਤਿਹਾਸਕ ਸੱਭਿਆਚਾਰਕ ਸਬੰਧਾਂ ਨੂੰ ਮਜ਼ਬੂਤ ਕਰਨ ਲਈ CEP ਦੇ ਲਾਗੂ ਹੋਣ 'ਤੇ ਖੁਸ਼ੀ ਪ੍ਰਗਟ ਕੀਤੀ। ਵਿਦੇਸ਼ ਮੰਤਰੀ ਨੇ ਜੁਲਾਈ 2024 ਵਿੱਚ ਨਵੀਂ ਦਿੱਲੀ ਵਿੱਚ ਹੋਈ ਯੂਨੈਸਕੋ ਦੀ 46ਵੀਂ WHC ਲਈ ਮਹਾਮਹਿਮ ਸ਼ੇਖ ਖਲੀਫਾ ਬਿਨ ਅਹਿਮਦ ਬਿਨ ਅਬਦੁੱਲਾ ਅਲ ਖਲੀਫਾ ਦੇ ਭਾਰਤ ਦੇ ਸਫਲ ਦੌਰੇ ‘ਤੇ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਇਸ ਦੁਵੱਲੇ ਸਹਿਯੋਗ ਨੂੰ ਅੱਗੇ ਵਧਾਉਣ ਲਈ ਭਾਰਤੀ ਗਣਰਾਜ ਦੇ ਸੱਭਿਆਚਾਰ ਅਤੇ ਸੈਰ-ਸਪਾਟਾ ਮੰਤਰੀ ਮਹਾਮਹਿਮ ਗਜੇਂਦਰ ਸਿੰਘ ਸ਼ੇਖਾਵਤ ਨਾਲ ਉਹਨਾਂ ਦੀ ਮੁਲਾਕਾਤ 'ਤੇ ਖੁਸ਼ੀ ਜਤਾਈ। ਦੋਵੇਂ ਧਿਰ "ਸੱਭਿਆਚਾਰਕ

ਆਦਾਨ-ਪ੍ਰਦਾਨ ਪ੍ਰੋਗਰਾਮ - 2025-2029 ਦੀ ਮਿਆਦ ਲਈ" ਨੂੰ ਨਵਿਆਉਣ ਬਾਰੇ ਵਿਚਾਰ ਵਟਾਂਦਰਾ ਜਾਰੀ ਰੱਖਣ ਲਈ ਸਹਿਮਤ ਹੋਏ।”

29. ਦੋਵੇਂ ਧਿਰ ਸਿੱਖਿਆ ਦੇ ਸੈਕਟਰ ਵਿੱਚ ਦੁਵੱਲੇ ਸਹਿਯੋਗ ਦੇ ਦਾਇਰੇ ਨੂੰ ਵਧਾਉਣ ਲਈ ਵੀ ਸਹਿਮਤ ਹੋਏ। ਇਸ ਸਬੰਧ ਵਿੱਚ, ਭਾਰਤੀ ਪੱਖ ਨੇ ਭਾਰਤੀ ਗਣਰਾਜ ਦੀਆਂ ਪ੍ਰਮੁੱਖ ਉੱਚ ਸਿੱਖਿਆ ਸੰਸਥਾਵਾਂ ਵਿੱਚ ਦਾਖ਼ਲਾ ਲੈਣ ਦੇ ਚਾਹਵਾਨ ਬਹਿਰੀਨ ਦੇ ਹੋਰ ਵਿਦਿਆਰਥੀਆਂ ਦਾ ਸਵਾਗਤ ਕੀਤਾ। ਦੋਹਾਂ ਧਿਰਾਂ ਨੇ ਸਿੱਖਿਆ ਸਹਿਯੋਗ ਨੂੰ ਵਧਾਉਣ ਲਈ ਦੋਵਾਂ ਸਰਕਾਰਾਂ ਦਰਮਿਆਨ ਸਮਝੌਤਾ ਪੱਤਰ 'ਤੇ ਹਸਤਾਖਰ ਕਰਨ ਲਈ ਕੰਮ ਕਰਨ ਦੀ ਮਹੱਤਤਾ 'ਤੇ ਵੀ ਜ਼ੋਰ ਦਿੱਤਾ।

30. ਬਹਿਰੀਨੀ ਪੱਖ ਨੇ "ਵਸੁਧੈਵ ਕੁਟੁੰਬਕਮ: ਇੱਕ ਧਰਤੀ, ਇੱਕ ਪਰਿਵਾਰ, ਇੱਕ ਭਵਿੱਖ" ਦੇ ਵਿਸ਼ੇ ਉੱਤੇ ਆਯੋਜਿਤ ਭਾਰਤ ਵਿੱਚ G20 ਸਿਖਰ ਸੰਮੇਲਨ ਦੇ ਸਫ਼ਲ ਆਯੋਜਨ ਲਈ ਭਾਰਤ ਨੂੰ ਵਧਾਈ ਦਿੱਤੀ। ਭਾਰਤੀ ਪੱਖ ਨੇ Y-20 ਸਮੇਤ, ਸਿਖਰ ਸੰਮੇਲਨ ਵਿੱਚ ਬਹਿਰੀਨ ਦੀ ਭਾਗੀਦਾਰੀ ਲਈ ਧੰਨਵਾਦ ਪ੍ਰਗਟਾਇਆ।

31. ਵਿਦੇਸ਼ ਮੰਤਰੀ ਨੇ "ਵੌਇਸਸ ਔਫ ਦ ਗਲੋਬਲ ਸਾਊਥ" ਸਿਖਰ ਸੰਮੇਲਨ ਦੇ ਤਿੰਨੋਂ ਸੰਸਕਰਨਾਂ ਵਿੱਚ ਬਹਿਰੀਨ ਦੀ ਭਾਗੀਦਾਰੀ ਦੀ ਸ਼ਲਾਘਾ ਕੀਤੀ, ਜੋ ਉਹਨਾਂ ਦੇ ਵਿਕਾਸ ਦੇ ਦ੍ਰਿਸ਼ਟੀਕੋਣਾਂ ਅਤੇ ਤਰਜੀਹਾਂ ਨੂੰ ਸਾਂਝਾ ਕਰਨ ਲਈ ਗਲੋਬਲ ਸਾਊਥ ਦੇ ਦੇਸ਼ਾਂ ਨੂੰ ਇੱਕਠੇ ਲਿਆਉਣ ਦੀ ਉਸ ਦੀ ਵਚਨਬੱਧਤਾ ਨੂੰ ਦਰਸਾਉਂਦਾ ਹੈ। ਵਿਦੇਸ਼ ਮੰਤਰੀ ਨੇ ਅਗਸਤ 2024 ਵਿੱਚ ਆਯੋਜਿਤ ਗਲੋਬਲ ਸਾਊਥ ਸਿਖਰ ਸੰਮੇਲਨ ਦੀ ਤੀਜੀ ਆਵਾਜ਼ ਦੇ "ਗਲੋਬਲ ਸਾਊਥ ਅਤੇ ਗਲੋਬਲ ਗਵਰਨੈਂਸ" ਉੱਤੇ ਵਿਦੇਸ਼ ਮੰਤਰੀਆਂ ਦੇ ਸੈਸ਼ਨ ਵਿੱਚ ਆਪਣੇ ਕੀਮਤੀ ਦ੍ਰਿਸ਼ਟੀਕੋਣ ਅਤੇ ਵਿਚਾਰ ਸਾਂਝੇ ਕਰਨ ਲਈ ਮਹਾਮਹਿਮ ਡਾ. ਅਬਦੁੱਲਾਤੀਫ ਬਿਨ ਰਾਸ਼ਿਦ ਅਲਜਾਯਨੀ ਦਾ ਧੰਨਵਾਦ ਕੀਤਾ ਅਤੇ ਅਤੇ ਨੋਟ ਕੀਤਾ ਕਿ ਦੋਵੇਂ ਦੇਸ਼ਾਂ ਵਿੱਚ ਕਈ ਸਮਕਾਲੀ ਗਲੋਬਲ ਮੁੱਦਿਆਂ 'ਤੇ ਮਜ਼ਬੂਤ ਸਮਾਨਤਾ ਬਣ ਰਹੀ ਹੈ, ਜਿਸ ਵਿੱਚ ਪ੍ਰਭਾਵਸ਼ਾਲੀ ਗਲੋਬਲ ਗਵਰਨੈਂਸ ਸੁਧਾਰਾਂ ਦੀ ਲੋੜ ਅਤੇ ਗਲੋਬਲ ਸਾਊਥ ਦੇ ਦੇਸ਼ਾਂ ਲਈ ਸਵੱਛ ਅਤੇ ਹਰਿਤ ਤਕਨਾਲੋਜੀ ਤੱਕ ਸਮਾਨ ਪਹੁੰਚ ਸ਼ਾਮਲ ਹੈ।

32. ਭਾਰਤੀ ਪੱਖ ਨੇ ਇਸ ਸਾਲ ਅਰਬ ਲੀਗ ਦੀ ਪ੍ਰਧਾਨਗੀ ਸੰਭਾਲਣ 'ਤੇ ਬਹਿਰੀਨ ਨੂੰ ਵਧਾਈ ਦਿੱਤੀ ਅਤੇ ਮਈ 2024 ਵਿੱਚ ਮਨਾਮਾ ਵਿੱਚ ਅਰਬ ਲੀਗ ਸਿਖਰ ਸੰਮੇਲਨ ਦੇ ਅਸਾਧਾਰਨ ਆਯੋਜਨ ਦੀ ਸ਼ਲਾਘਾ ਕੀਤੀ। ਭਾਰਤੀ ਪੱਖ ਨੇ ਉਮੀਦ ਜ਼ਾਹਰ ਕੀਤੀ ਕਿ ਬਹਿਰੀਨ ਸਤੰਬਰ 2024 ਵਿੱਚ ਰਿਆਦ ਵਿੱਚ ਆਯੋਜਿਤ ਰਣਨੀਤਕ ਵਾਰਤਾ ਲਈ ਭਾਰਤ- GCC ਸੰਯੁਕਤ ਮੰਤਰੀ ਪੱਧਰੀ ਬੈਠਕ ਦੀ ਸਫਲਤਾ ਦੇ ਮੱਦੇਨਜ਼ਰ, GCC ਦੇਸ਼ਾਂ ਨਾਲ ਭਾਰਤ ਦੇ ਮਜ਼ਬੂਤ ਸਬੰਧਾਂ ਨੂੰ ਹੋਰ ਵੀ ਮਜ਼ਬੂਤ ਬਣਾਉਣ ਵਿੱਚ ਭਾਈਵਾਲ ਬਣਿਆ ਰਹੇਗਾ।

33. ਦੋਵਾਂ ਧਿਰਾਂ ਨੇ ਆਪਸੀ ਹਿੱਤਾਂ ਦੇ ਪ੍ਰਮੁੱਖ ਗਲੋਬਲ ਵਿਕਾਸ, ਖੇਤਰੀ ਅਤੇ ਬਹੁਪੱਖੀ ਮੁੱਦਿਆਂ ਉੱਤੇ ਵਿਚਾਰ-ਵਟਾਂਦਰਾ ਕੀਤਾ। ਦੋਵੇਂ ਦੇਸ਼ ਇੱਕ ਦੂਜੇ ਨੂੰ ਖੇਤਰ ਵਿੱਚ ਪ੍ਰਮੁੱਖ ਭਾਈਵਾਲ ਮੰਨਦੇ ਹਨ, ਜੋ ਪੱਛਮੀ ਏਸ਼ੀਆ ਵਿੱਚ ਇੱਕ ਜ਼ਿਆਦਾ ਸ਼ਾਂਤੀਪੂਰਨ ਅਤੇ ਸਮਾਵੇਸ਼ੀ ਗਲੋਬਲ ਸਮੁਦਾਇ ਨੂੰ ਪੋਸ਼ਿਤ ਕਰਨ ਲਈ ਮਿਲ ਕੇ ਕੰਮ ਕਰਦੇ ਹਨ। ਭਾਰਤੀ

ਧਿਰ ਨੇ ਮੱਧ ਪੂਰਬ ਵਿੱਚ ਸ਼ਾਂਤੀ ਲਈ ਇੱਕ ਅੰਤਰਰਾਸ਼ਟਰੀ ਕਾਨਫਰੰਸ ਆਯੋਜਿਤ ਕਰਨ ਦੇ ਬਹਿਰੀਨੀ ਧਿਰ ਦੇ ਪ੍ਰਸਤਾਵ ਦਾ ਸਵਾਗਤ ਕੀਤਾ ਹੈ।

34. ਦੋਵਾਂ ਧਿਰਾਂ ਨੇ ਵਿਦੇਸ਼ ਦਫਤਰ ਸਲਾਹ ਮਸ਼ਵਰੇ (FOCs) ਅਤੇ ਮਨੁੱਖੀ ਸ਼ਕਤੀ ਅਤੇ ਵਿਕਾਸ ਬਾਰੇ ਸਹਿਮਤੀ ਪੱਤਰ (MoU) ਦੇ ਤਹਿਤ ਜੁਆਇੰਟ ਕਮੇਟੀ ਦੀ ਬੈਠਕ ਸਮੇਤ, ਮੌਜੂਦਾ ਦੁਵੱਲੇ ਤੰਤਰ ਦੀਆਂ ਬੈਠਕਾਂ ਨੂੰ ਛੇਤੀ ਆਯੋਜਿਤ ਕਰਨ ਦੇ ਮਹੱਤਵ 'ਤੇ ਜ਼ੋਰ ਦਿੱਤਾ। ਦੋਹਾਂ ਧਿਰਾਂ ਵਿਚਕਾਰ ਇਸ ਗੱਲ ‘ਤੇ ਵੀ ਬਾਰੇ ਸਹਿਮਤੀ ਬਣੀ ਸੀ ਕਿ HJC ਦੇ ਫੈਸਲਿਆਂ ਤੋਂ ਬਾਅਦ ਅੱਗੇ ਦੀ ਕਾਰਵਾਈ ਲਈ ਸੱਤਵੇਂ FOC ਦਾ ਆਯੋਜਨ ਨਵੀਂ ਦਿੱਲੀ ਵਿੱਚ ਇੱਕ ਆਪਸੀ ਸੁਵਿਧਾਜਨਕ ਮਿਤੀ 'ਤੇ ਕੀਤਾ ਜਾਣਾ ਚਾਹੀਦਾ ਹੈ।

35. ਹਾਈ ਜੁਆਇੰਟ ਕਮਿਸ਼ਨ ਦੀ ਪੰਜਵੀਂ ਬੈਠਕ ਭਾਰਤ ਵਿੱਚ ਆਯੋਜਿਤ ਕਰਨ ਬਾਰੇ ਸਹਿਮਤੀ ਬਣੀ, ਜਿਸ ਦੀਆਂ ਮਿਤੀਆਂ ਕੂਟਨੀਤਕ ਚੈਨਲਾਂ ਰਾਹੀਂ ਤੈਅ ਕੀਤੀਆਂ ਜਾਣਗੀਆਂ।

**ਮਨਾਮਾ,**

**09 ਦਸੰਬਰ, 2024**